ਨਿਊਜ਼ ਰਿਲੀਜ਼

# ਆਪਣਾ ਅਲਬਰਟਾ ਪੱਖ ਦਿਖਾਓ। ਸਥਾਨਕ ਖਰੀਦੋ।

14 ਅਪ੍ਰੈਲ, 2025 ਮੀਡੀਆ ਪੁੱਛਗਿੱਛ

## ਜਦੋਂ ਹਾਲਾਤ ਔਖੇ ਹੁੰਦੇ ਹਨ, ਤਾਂ ਅਲਬਰਟਾ ਵਾਸੀ ਇਕੱਠੇ ਹੋ ਜਾਂਦੇ ਹਨ। ਇਸੇ ਲਈ ਅਲਬਰਟਾ ਦੀ ਸਰਕਾਰ ਮਿਹਨਤੀ ਅਲਬਰਟਾ ਵਾਸੀਆਂ ਨੂੰ ਲਾਭ ਪਹੁੰਚਾਉਣ ਲਈ ਇੱਕ ਨਵੀਂ ਮੁਹਿੰਮ ਸ਼ੁਰੂ ਕਰ ਰਹੀ ਹੈ।

ਵਿਸ਼ਵਵਿਆਪੀ ਅਨਿਸ਼ਚਿਤਤਾ ਅਲਬਰਟਾ ਦੇ ਮਿਹਨਤੀ ਕਿਸਾਨਾਂ, ਪਸ਼ੂ ਪਾਲਕਾਂ, ਪ੍ਰੋਸੈਸਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਰੋਜ਼ੀ-ਰੋਟੀ ਲਈ ਖ਼ਤਰਾ ਪੈਦਾ ਕਰ ਰਹੀ ਹੈ। ਅਲਬਰਟਾ ਸਰਕਾਰ ਦੁਆਰਾ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ 'ਬਾਏ ਲੋਕਲ' ਮੁਹਿੰਮ, ਖਪਤਕਾਰਾਂ ਨੂੰ ਸੂਬੇ ਦੇ ਖੇਤੀਬਾੜੀ ਅਤੇ ਭੋਜਨ ਉਦਯੋਗ ਲਈ ਸਾਡਾ ਇੱਕਜੁੱਟ ਸਮਰਥਨ ਦਿਖਾਉਣ ਵਾਸਤੇ ਸਥਾਨਕ ਖਾਣ, ਪੀਣ ਅਤੇ ਖਰੀਦਣ ਲਈ ਉਤਸ਼ਾਹਿਤ ਕਰਦੀ ਹੈ। ਸਰਕਾਰ ਦੀ 'ਬਾਏ ਲੋਕਲ' ਮੁਹਿੰਮ ਖਪਤਕਾਰਾਂ ਨੂੰ ਅਲਬਰਟਾ ਦੇ ਮਿਹਨਤੀ ਕਿਸਾਨਾਂ, ਪਸ਼ੂ ਪਾਲਕਾਂ ਅਤੇ ਫੂਡ ਪ੍ਰੋਸੈਸਰਾਂ ਤੋਂ ਉਤਪਾਦ ਖਰੀਦਣ ਲਈ ਉਤਸ਼ਾਹਿਤ ਕਰਦੀ ਹੈ ਜੋ ਅਲਬਰਾ ਵਾਸੀਆਂ, ਕਨੇਡੀਅਨਾਂ ਅਤੇ ਦੁਨੀਆ ਲਈ ਸੁਰੱਖਿਅਤ, ਪੌਸ਼ਟਿਕ ਭੋਜਨ ਪੈਦਾ ਕਰਦੇ ਹਨ।

"ਇਹਨਾਂ ਮਿਹਨਤੀ ਅਲਬਰਟਾ ਵਾਸੀਆਂ ਨੂੰ ਇਹ ਦੱਸਣ ਦਾ ਸਮਾਂ ਆ ਗਿਆ ਹੈ ਕਿ ਅਸੀਂ ਉਨ੍ਹਾਂ ਦੇ ਨਾਲ ਖੜੇ ਹਾਂ। ਹੁਣ, ਪਹਿਲਾਂ ਤੋਂ ਵੀ ਵੱਧ, ਸਾਨੂੰ ਸਥਾਨਕ ਖਰੀਦਦਾਰੀ ਕਰਨ ਅਤੇ ਅਲਬਰਟਾ ਵਿੱਚ ਬਣੇ ਉਤਪਾਦ ਖਰੀਦਣ ਦੀ ਲੋੜ ਹੈ। ਅਗਲੀ ਵਾਰ ਜਦੋਂ ਤੁਸੀਂ ਗਰੋਸਰੀ ਦੀ ਖਰੀਦਦਾਰੀ ਕਰ ਰਹੇ ਹੋ ਜਾਂ ਆਪਣੇ ਦੋਸਤਾਂ ਜਾਂ ਪਰਿਵਾਰ ਨਾਲ ਰਾਤ ਦੇ ਖਾਣੇ ਜਾਂ ਪੀਣ ਲਈ ਬਾਹਰ ਜਾਂਦੇ ਹੋ, ਤਾਂ ਆਪਣੇ ਅਲਬਰਟਾ ਮਾਣ ਦਾ ਪ੍ਰਦਰਸ਼ਨ ਕਰਨ ਲਈ ਸਥਾਨਕ ਲੋਕਾਂ ਦਾ ਸਮਰਥਨ ਕਰੋ। ਸਾਨੂੰ ਖੁਸ਼ੀ ਹੈ ਕਿ ਟੈਰਿਫ ਇਸ ਵੇਲੇ ਖੇਤੀਬਾੜੀ ਉਦਯੋਗ ਨੂੰ ਪ੍ਰਭਾਵਤ ਨਹੀਂ ਕਰਦੇ ਹਨ ਅਤੇ ਅਸੀਂ ਆਪਣੇ ਖੇਤੀਬਾੜੀ ਉਦਯੋਗ ਦੀ ਹਿਮਾਇਤ ਕਰਦੇ ਰਹਾਂਗੇ।
*ਆਰਜੇ ਸਿਗੁਰਡਸਨ, ਖੇਤੀਬਾੜੀ ਅਤੇ ਸਿੰਚਾਈ ਮੰਤਰੀ*

ਅਲਬਰਟਾ ਦੀ ਸਰਕਾਰ ਖਪਤਕਾਰਾਂ ਦੀ ਪਸੰਦ ਦਾ ਸਮਰਥਨ ਕਰਦੀ ਹੈ। ਅਸੀਂ ਲੋਕਾਂ ਨੂੰ ਅਲਬਰਟਾ- ਅਤੇ ਕਨੇਡੀਅਨ-ਬਣੇ ਭੋਜਨਾਂ ਅਤੇ ਉਤਪਾਦਾਂ ਦੀ ਆਸਾਨੀ ਨਾਲ ਪਛਾਣ ਕਰਨ ਵਿੱਚ ਮਦਦ ਕਰਨ ਲਈ ਟੂਲ ਪ੍ਰਦਾਨ ਕਰ ਰਹੇ ਹਾਂ। ਸਥਾਨਕ ਉਤਪਾਦਾਂ ਦੀ ਚੋਣ ਕਰਨ ਨਾਲ ਅਲਬਰਟਾ ਵਾਸੀਆਂ ਦੇ ਮਿਹਨਤ ਨਾਲ ਕਮਾਏ ਡਾਲਰ

ਸਾਡੇ ਸੂਬੇ ਵਿੱਚ ਰਹਿੰਦੇ ਹਨ। ਚਾਹੇ ਇਹ ਫਾਰਮ ਤੋਂ ਤਾਜ਼ੀਆਂ ਸਬਜ਼ੀਆਂ, ਆਲੂ, ਸ਼ਹਿਦ, ਕਰਾਫਟ ਬੀਅਰ, ਜੰਮਿਆ ਹੋਇਆ ਭੋਜਨ ਹੋਵੇ ਜਾਂ ਸਾਡਾ ਵਿਸ਼ਵ-ਪ੍ਰਸਿੱਧ ਬੀਫ ਹੋਵੇ, ਅਲਬਰਟਾ ਵਿੱਚ ਸਾਡੇ ਦਰਵਾਜ਼ੇ 'ਤੇ ਹੀ ਪੈਦਾ ਹੋਣ ਵਾਲੇ ਤਾਜ਼ੇ ਭੋਜਨ ਦੀ ਭਰਪੂਰ ਮਾਤਰਾ ਹੈ।

## ਮੁੱਖ ਤੱਥ

- ਇੰਨ੍ਹਾਂ ਗਰਮੀਆਂ ਵਿੱਚ, ਅਲਬਰਟਾ ਵਾਸੀ ਸੂਬੇ ਭਰ ਵਿੱਚ 150 ਤੋਂ ਵੱਧ ਕਿਸਾਨ ਮੰਡੀਆਂ ਵਿੱਚ ਸਥਾਨਕ ਲੋਕਾਂ ਦਾ ਸਮਰਥਨ ਕਰ ਸਕਦੇ ਹਨ ਅਤੇ ਉਨ੍ਹਾਂ ਲੋਕਾਂ ਨੂੰ ਮਿਲ ਸਕਦੇ ਹਨ ਜੋ ਸਾਡਾ ਭੋਜਨ ਬਣਾਉਂਦੇ, ਬੇਕ ਕਰਦੇ ਅਤੇ ਉਗਾਉਂਦੇ ਹਨ।
- ਮਾਰਚ 2023 ਵਿੱਚ, ਅਲਬਰਟਾ ਸਰਕਾਰ ਨੇ ਸਥਾਨਕ ਖੇਤੀਬਾੜੀ ਅਤੇ ਭੋਜਨ ਖੇਤਰਾਂ ਦਾ ਸਮਰਥਨ ਕਰਨ ਲਈ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦਾ ਸਵੈ-ਇੱਛਤ ਲੇਬਲਿੰਗ ਪ੍ਰੋਗਰਾਮ 'ਮੇਡ ਇਨ ਅਲਬਰਟਾ' ਲਾਂਚ ਕੀਤਾ।
- ਪ੍ਰੋਸੈਸਰਾਂ ਨਾਲ ਸਿੱਧੇ ਸੰਪਰਕਾਂ ਰਾਹੀਂ, ਪ੍ਰੋਗਰਾਮ ਨੇ ਸਾਡੇ ਸੂਬੇ ਵਿੱਚ ਉਤਪਾਦਿਤ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀ ਜਲਦੀ ਪਛਾਣ ਕਰਨ ਵਿੱਚ ਖਰੀਦਦਾਰਾਂ ਦੀ ਮਦਦ ਕਰਨ ਲਈ 'ਮੇਡ ਇਨ ਅਲਬਰਟਾ' ਲੇਬਲ ਬਾਰੇ ਖਪਤਕਾਰਾਂ ਦੀ ਜਾਗਰੂਕਤਾ ਨੂੰ ਵਧਾਉਣਾ ਜਾਰੀ ਰੱਖਣ ਲਈ ਗਤੀ ਪੈਦਾ ਕੀਤੀ ਹੈ।

## ਸੰਬੰਧਿਤ ਜਾਣਕਾਰੀ

- ਬਾਏ ਲੋਕਲ ਅਲਬਰਟਾ
- ਅਲਬਰਟਾ ਵਿੱਚ ਬਣਿਆ ਉਤਪਾਦ ਕੈਟਾਲਾਗ
- ਅਲਬਰਟਾ ਐਗਰੀ-ਫੂਡ ਉਤਪਾਦ ਅਤੇ ਸੇਵਾਵਾਂ ਨਿਰਯਾਤ ਕੈਟਾਲਾਗ

## ਮਲਟੀਮੀਡੀਆ

- ਮੰਤਰੀ ਦਾ 'ਬਾਏ ਲੋਕਲ' ਵੀਡੀਓ ਦੇਖੋ।
- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਪੁੱਛਗਿੱਛ

**Darby Crouch (ਡਾਰਬੀ ਕਰਾਉਚ)**

587-335-6934
ਪ੍ਰੈਸ ਸਕੱਤਰ, ਖੇਤੀਬਾੜੀ ਅਤੇ ਸਿੰਚਾਈ